ਵਿਸ਼ਾ ਪੰਜਾਬੀ ਜਮਾਤ ਨੌਵੀਂ ਸਾਲ ਮਈ 2020

# ਕਹਾਣੀ ਜਨਮਦਿਨ (ਪ੍ਰੋ. ਸਵਿੰਦਰ ਸਿੰਘ ਉੱਪਲ)



1. ਜਨਮ ਦਿਨ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

ਜਦੋਂ ਜੁਗਲ ਪ੍ਰਸ਼ਾਦ ਦੀ ਪੰਜ ਰੁਪਏ ਤਨਖ਼ਾਹ ਵਧੀ, ਤਾਂ ਉਸ ਨੇ ਆਪਣੇ ਛੋਟੇ ਲੜਕੇ ਜੋਤੀ ਨੂੰ ਮੁੱਢ ਤੋਂ ਅੰਗਰੇਜ਼ੀ ਪੜ੍ਹਾਉਣ ਤੇ ਨਵੀਆਂ ਵਿੱਦਿਅਕ ਵਿਉਂਤਾਂ ਅਨੁਸਾਰ ਚੱਲ ਰਹੇ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ, ਜਦਕਿ ਉਸ ਦੀ ਪਤਨੀ ਬੱਚੇ ਨੂੰ ਇੰਨੇ ਖ਼ਰਚੀਲੇ ਸਕੂਲ ਵਿੱਚ ਦਾਖ਼ਲ ਕਰਵਾਉਣ ਦੇ ਹੱਕ ਵਿੱਚ ਨਹੀਂ ਸੀ। ਜੋਤੀ ਸੋਹਣਾ ਹੋਣ ਦੇ ਨਾਲ ਇਮਤਿਹਾਨ ਵਿੱਚ ਹਰ ਗੱਲ ਵਿੱਚ ਸਾਰੇ ਜਮਾਤੀਆਂ ਤੋਂ ਅੱਗੇ ਸੀ, ਜਿਸ ਕਰਕੇ ਸਕੂਲ ਦੀ ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਵਧਾਈ ਦਿੱਤੀ। ਇਸ ਨਾਲ ਜੁਗਲ ਪ੍ਰਸ਼ਾਦ ਤੇ ਉਸ ਦੀ ਪਤਨੀ ਫੁੱਲੇ ਨਹੀਂ ਸਨ ਸਮਾਉਂਦੇ।

ਇੱਕ ਦਿਨ ਜੋਤੀ ਪ੍ਰਿੰਸੀਪਲ ਦੀ ਚਿੱਠੀ ਲੈ ਕੇ ਘਰ ਆਇਆ, ਜਿਸ ਵਿੱਚ ਲਿਖਿਆ ਹੋਇਆ ਸੀ ਕਿ ਐਤਵਾਰ ਨੂੰ ਪ੍ਰਾਂਤ ਦੇ ਮੰਤਰੀ ਸ੍ਰੀ ਜਵਾਲਾ ਪ੍ਰਸ਼ਾਦ ਦਾ ਜਨਮ ਦਿਨ ਇੱਥੋਂ ਦੀ ਨਾਗਰਿਕ ਸਭਾ ਵੱਲੋਂ ਮਨਾਇਆ ਜਾ ਰਿਹਾ ਹੈ। ਇਸ ਸਮੇਂ ਮੰਤਰੀ ਜੀ ਸ਼ਹਿਰ ਦੇ ਚੋਣਵੇਂ ਸਕੂਲਾਂ ਦੇ ਦੋ ਲਾਇਕ ਵਿਦਿਆਰਥੀਆਂ ਨੂੰ ਮਿਲਣਾ ਪਸੰਦ ਕਰਨਗੇ। ਇਸ ਲਈ ਕੇ. ਜੀ. ਜਮਾਤ ਵਿਚੋਂ ਜੋਤੀ ਨੂੰ ਚੁਣਿਆ ਗਿਆ ਸੀ, ਜਿਸ ਨੇ ਮੰਤਰੀ ਦੇ ਗਲ ਵਿੱਚ ਹਾਰ ਪਾਉਣਾ ਹੈ।

ਇਹ ਖ਼ਬਰ ਪਾ ਕੇ ਪਤੀ-ਪਤਨੀ ਬਹੁਤ ਖੁਸ਼ ਹੋਏ। ਜੁਗਲ ਪ੍ਰਸ਼ਾਦ ਨੇ ਦੇਵਕੀ ਨੂੰ ਕਿਹਾ ਕਿ ਉਨ੍ਹਾਂ ਨੂੰ ਸਮਾਗਮ ਉੱਤੇ ਜਾਣ ਲਈ ਜੋਤੀ ਲਈ ਚਿੱਟੀ ਕਮੀਜ਼, ਚਿੱਟੀਆਂ ਜੁਰਾਬਾਂ ਤੇ ਇੱਕ ਸੁਨਹਿਰੀ ਹਾਰ ਲੈਣਾ ਪਵੇਗਾ। ਇਹ ਸੁਣ ਕੇ ਦੇਵਕੀ ਦੀ ਖ਼ੁਸ਼ੀ ਕਫ਼ੂਰ ਹੋ ਗਈ, ਕਿਉਂਕਿ ਮਹੀਨੇ ਦੀ ਛੱਬੀ ਤਰੀਕ ਸੀ ਤੇ ਘਰ ਵਿੱਚ ਕੇਵਲ ਦਾਲ ਸਬਜ਼ੀ ਜੋਗ ਦਸ-ਬਾਰਾਂ ਆਨੇ ਸਨ, ਜਦਕਿ ਉਨ੍ਹਾਂ ਸਿਰੋਂ ਜੋਤੀ ਦੇ ਦਾਖ਼ਲੇ ਲਈ ਉਧਾਰ ਲਏ ਚਾਲੀ ਰੁਪਏ ਵੀ ਅਜੇ ਤੱਕ ਨਹੀਂ ਸਨ ਉਤਰੇ।

ਜੁਗਲ ਪ੍ਰਸ਼ਾਦ ਨੇ ਕਿਹਾ ਕਿ ਭਾਵੇਂ ਕੁੱਝ ਵੀ ਹੋਵੇ, ਉਹ ਇਨ੍ਹਾਂ ਚੀਜ਼ਾਂ ਦਾ ਪ੍ਰਬੰਧ ਕਰਕੇ ਹੀ ਰਹੇਗਾ। ਉਹ ਆਪਣੀ ਗ਼ਰੀਬੀ ਨੂੰ ਕੋਸ ਰਿਹਾ ਸੀ ਤੇ ਅਨੁਭਵ ਕਰ ਰਿਹਾ ਸੀ ਕਿ ਦੇਵਕੀ ਜਦੋਂ ਦੀ ਵਿਆਹੀ ਆਈ ਸੀ, ਵਿਚਾਰੀ ਤੰਗੀ-ਤੁਰਸ਼ੀ ਦੇ ਪੁੜਾਂ ਵਿੱਚ ਹੀ ਪਿਸ ਰਹੀ ਸੀ। ਉਹ ਵਿਚਾਰੀ ਡੇਢ ਸੌ ਰੁਪਏ ਵਿੱਚ ਪੰਜ ਬੱਚਿਆਂ ਦੀ ਪਾਲਣਾ ਕਰ ਰਹੀ ਸੀ।

ਐਤਵਾਰ ਆਉਣ ਵਿੱਚ ਅਜੇ ਦੋ ਦਿਨ ਪਏ ਸਨ। ਦੇਵਕੀ ਨੂੰ ਗੁੱਡੀ ਦੀ ਬੁਘਨੀ ਵਿੱਚੋਂ ਸੱਤ ਆਨੇ ਤੇ ਜੋਤੀ ਦੀ ਬੁਘਨੀ ਵਿੱਚੋਂ ਬਾਰਾਂ ਆਨੇ ਮਿਲੇ। ਅਖੀਰ ਜੁਗਲ ਪ੍ਰਸ਼ਾਦ ਨੂੰ ਕਿੰਨਿਆਂ ਦੀਆਂ ਹੀ ਮਿਹਨਤਾਂ ਕਰਨ ਮਗਰੋਂ ਇੱਕ ਮਿੱਤਰ ਕੋਲੋਂ ਤਿੰਨ ਰੁਪਏ ਮਿਲੇ। ਦੇਵਕੀ ਕਹਿ ਰਹੀ ਸੀ ਕਿ ਇੱਕ ਫਟੀ ਹੋਈ ਚਿੱਟੀ ਚਾਦਰ ਵਿੱਚੋਂ ਉਹ ਗੁਆਂਢਣ ਦੀ ਮਸ਼ੀਨ ਉੱਤੇ ਕਮੀਜ਼ ਤਿਆਰ ਕਰ ਦੇਵੇਗੀ ਪਰਤੂੰ ਚਿੱਟੀ ਨਿੱਕਰ ਬਾਜ਼ਾਰੋਂ ਕੱਪੜਾ ਲੈ ਕੇ ਦਰਜੀ ਤੋਂ ਸੰਵਾਉਣੀ ਪੈਣੀ ਸੀ।

ਜੁਗਲ ਪ੍ਰਸ਼ਾਦ ਨੇ ਬੱਚਿਆਂ ਦੀਆਂ ਬੁਘਨੀਆਂ ਵਿੱਚੋਂ ਨਿਕਲੇ ਪੈਸੇ ਲਏ, ਤਾਂ ਬਾਹਰ ਖੇਡਦੇ ਜੋਤੀ ਨੂੰ ਆਪਣੇ ਨਾਲ ਲੈ ਗਿਆ। ਜੋਤੀ ਖ਼ੁਸ਼ ਸੀ ਕਿ ਉਸ ਲਈ ਨਵੇਂ ਬੂਟ, ਜੁਰਾਬਾਂ ਅਤੇ ਨਿੱਕਰ ਲਈ ਕੱਪੜਾ ਆਦਿ ਚੀਜ਼ਾਂ ਖਰੀਦੀਆਂ ਗਈਆਂ ਸਨ। ਜੁਗਲ ਪ੍ਰਸਾਦ ਨੇ ਘਰ ਆ ਕੇ ਬੂਟ, ਜੁਰਾਬਾਂ ਅਤੇ ਹਾਰ ਦੇਵਕੀ ਨੂੰ ਸੰਭਾਲਣ ਲਈ ਦੇ ਦਿੱਤੇ। ਉਸ ਨੇ ਦੱਸਿਆ ਕਿ ਰਾਹ ਵਿੱਚੋਂ ਲੰਘਦਿਆਂ ਉਹ ਅਖ਼ਬਾਰ ਦੇ ਦਫ਼ਤਰ ਵਿੱਚ ਉਸ ਫੋਟੋਗ੍ਰਾਫਰ ਨੂੰ ਮਿਲਿਆ ਹੈ, ਜਿਸ ਨੇ ਉਸ ਸਮਾਗਮ ਉੱਤੇ ਜਾਣਾ ਹੈ ਤੇ ਉਹ ਉਸ ਨੂੰ ਕਹਿ ਆਇਆ ਹੈ ਕਿ ਉਹ ਮੰਤਰੀ ਜੀ ਨੂੰ ਹਾਰ ਪਾਉਂਦੇ ਜੋਤੀ ਦੀ ਫੋਟੋ ਜ਼ਰੂਰ ਖਿੱਚੇ। ਦੇਵਕੀ ਨੂੰ ਇਹ ਫ਼ਜ਼ੂਲ ਖ਼ਰਚੀ ਜਾਪੀ।

ਸਵੇਰੇ ਮੁੰਡਿਆਂ-ਕੁੜੀਆਂ ਦੇ ਸਕੂਲ ਜਾਣ ਮਗਰੋਂ ਦੇਵਕੀ ਨੇ ਇੱਕ ਪੁਰਾਣੀ ਚਿੱਟੀ ਚਾਦਰ ਕੱਢੀ ਤੇ ਕਾਫੀ ਮਗਜ਼-ਪੱਚੀ ਕਰ ਕੇ ਗੁਆਂਢਣ ਦੀ ਮਸ਼ੀਨ ਨਾਲ ਸ਼ਾਮ ਤੱਕ ਕਮੀਜ਼ ਤਿਆਰ ਕਰ ਲਈ।

ਜੁਗਲ ਪ੍ਰਸ਼ਾਦ ਨੇ ਨਾਗਰਿਕ ਸਭਾ ਦੇ ਦਫ਼ਤਰ ਵਿੱਚ ਆ ਕੇ ਉਸ ਸਮਾਗਮ ਦਾ ਨਿਮੰਤਰਣ ਪੱਤਰ ਪ੍ਰਾਪਤ ਕਰਨ ਦੀ ਅਸਫਲ ਕੋਸ਼ਿਸ਼ ਕੀਤੀ, ਕਿਉਂਕਿ ਸਮਾਗਮ ਵਿੱਚ ਵੱਡੇ ਅਫ਼ਸਰ ਤੇ ਲੋਕ ਅਮੀਰ ਲੋਕ ਹੀ ਜਾ ਰਹੇ ਸਨ।

ਐਤਵਾਰ ਦਾ ਦਿਨ ਆਇਆ। ਜੋਤੀ ਨੂੰ ਤਿਆਰ ਕਰਕੇ ਸਕੂਲ ਭੇਜ ਦਿੱਤਾ ਗਿਆ। ਤਿਰਕਾਲਾਂ ਨੂੰ ਸਾਰਾ ਟੱਬਰ ਉਡੀਕ ਰਿਹਾ ਸੀ ਕਿ ਕਦੋਂ ਜੋਤੀ ਆਵੇ ਤੇ ਸਾਰੇ ਰੌਣਕ-ਮੇਲੇ ਵਿੱਚ ਮਿਲੇ ਮਾਣ ਦਾ ਹਾਲ ਜ਼ੁਬਾਨੀ ਸੁਣਾਵੇ। ਜੁਗਲ ਪ੍ਰਸ਼ਾਦ ਆਪ ਕਈ ਵਾਰੀ ਸੜਕ ਉੱਤੇ ਜਾ ਕੇ ਉਸ ਦਾ ਰਾਹ ਦੇਖ ਚੁੱਕਾ ਸੀ।

ਅਖੀਰ ਉਸ ਨੂੰ ਦੂਰੋਂ ਦਿਸਿਆ ਕਿ ਪ੍ਰਿੰਸੀਪਲ ਜੋਤੀ ਨੂੰ ਨਾਲ ਲੈ ਕੇ ਆਪ ਆ ਰਹੀ ਸੀ। ਨੇੜੇ ਆਉਣ ਤੇ ਜੁਗਲ ਪ੍ਰਸ਼ਾਦ ਨੇ ਦੇਖਿਆ ਕਿ ਜੋਤੀ ਡਸਕੋਰੇ ਭਰ ਰਿਹਾ ਸੀ। ਪ੍ਰਿੰਸੀਪਲ ਨੇ ਉਸ ਨੂੰ ਦੱਸਿਆ ਕਿ ਉਸ ਦੇ ਪੁੱਤਰ ਨੂੰ ਮੰਤਰੀ ਜੀ ਨੂੰ ਹਾਰ ਪਾਉਣ ਦਾ ਮਾਣ ਨਹੀਂ ਮਿਲ ਸਕਿਆ, ਕਿਉਂਕਿ ਸੇਠ ਲੱਖਪਤ ਰਾਏ ਨੇ ਜੋਤੀ ਦੀ ਥਾਂ ਆਪਣੇ ਪੁੱਤਰ ਦਾ

ਨਾਂ ਬਦਲਵਾ ਦਿੱਤਾ ਸੀ। ਉਸ ਨੇ ਦੱਸਿਆ ਕਿ ਉਸ ਨੇ ਤਾਂ ਉਸ ਦੀ ਇੱਕ ਨਾ ਮੰਨੀ, ਪਰ ਉਸ ਨੇ ਉਨ੍ਹਾਂ ਦੇ ਚੇਅਰਮੈਨ ਤੋਂ ਇਹ ਕੰਮ ਕਰਵਾ ਲਿਆ।

ਇਹ ਸੁਣ ਕੇ ਜੁਗਲ ਪ੍ਰਸ਼ਾਦ ਨੂੰ ਆਪਣੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਪੀ। ਉਸਨੂੰ ਬਹੁਤ ਘਬਰਾਹਟ ਹੋਈ। ਉਹ ਗੁੱਸੇ ਵਿੱਚ ਕੜਕਿਆ," ਅੱਜ ਉਸ ਮੰਤਰੀ ਦਾ ਜਨਮ ਦਿਨ ਨਹੀਂ, ਮੇਰਾ ਜਨਮ ਦੇ ਏ, ਮੇਰੀ ਜੁਅਰਤ ਤੇ ਦਲੇਰੀ ਦਾ ਜਨਮ ਦਿਨ ਏ। ਮੈਂ ਵੇਖਾਂਗਾ ਕਿਵੇਂ ਕੋਈ ਗ਼ਰੀਬਾਂ ਦੀਆਂ ਸੱਧਰਾਂ ਤੇ ਉਮੰਗਾਂ ਨੂੰ ਲਤਾੜਨ ਦੀ ਜੁਅਰਤ ਕਰੇਗਾ।" ਇਹ ਦੇਖ ਕੇ ਦੇਖ ਦੇਵਕੀ ਹੈਰਾਨ ਰਹਿ ਗਈ।

**2. ਜੁਗਲ ਪ੍ਰਸ਼ਾਦ ਆਪਣੇ ਪੁੱਤਰ ਨੂੰ ਅੰਗਰੇਜ਼ੀ ਸਕੂਲ ਵਿੱਚ ਦਾਖ਼ਲ ਕਿਉਂ ਕਰਵਾਉਣਾ ਚਾਹੁੰਦਾ ਸੀ ?**

ਜੁਗਲ ਪ੍ਰਸ਼ਾਦ ਆਪਣੇ ਪੁੱਤਰ ਨੂੰ ਅੰਗਰੇਜ਼ੀ ਸਕੂਲ ਵਿੱਚ ਇਸ ਕਰਕੇ ਦਾਖ਼ਲ ਕਰਵਾਉਣਾ ਚਾਹੁੰਦਾ ਸੀ ਕਿਉਂਕਿ ਇੱਕ ਤਾਂ ਉਹ ਉਸ ਨੂੰ ਅੰਗਰੇਜ਼ੀ ਵਿੱਚ ਨਿਪੁੰਨ ਕਰਨਾ ਚਾਹੁੰਦਾ ਸੀ, ਦੂਸਰੇ ਉਹ ਸਮਝਦਾ ਸੀ ਕਿ ਇਸ ਸਕੂਲ ਵਿੱਚ ਬੱਚੇ ਦੀ ਸ਼ਖ਼ਸੀਅਤ ਨੂੰ ਪੁੰਗਰਨ ਦੇ ਲੋੜੀਂਦੇ ਮੌਕੇ ਦਿੱਤੇ ਜਾਂਦੇ ਹਨ, ਜਿਸ ਨਾਲ ਬੱਚਿਆਂ ਵਿੱਚ ਸਾਫ਼ ਸੁਥਰੇ ਰਹਿਣ, ਚੰਗੇ ਕੱਪੜੇ ਪਾਉਣ, ਮਿਲ-ਜੁਲ ਕੇ ਪਿਆਰ ਨਾਲ ਰਹਿਣ ਤੇ ਸਵੈ ਭਰੋਸਾ ਆਦਿ ਗੁਣ ਪੈਦਾ ਹੁੰਦੇ ਹਨ। ਉਹ ਸਮਝਦਾ ਸੀ ਕਿ ਇੱਥੇ ਪੜ੍ਹ ਕੇ ਉਸ ਦਾ ਪੁੱਤਰ ਬਹੁਤ ਵੱਡਾ ਅਫ਼ਸਰ ਬਣੇਗਾ।

**3. ਸਕੂਲ ਦੀ ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਵਧਾਈ ਕਿਉਂ ਦਿੱਤੀ ?**

ਜੁਗਲ ਪ੍ਰਸ਼ਾਦ ਦਾ ਪੁੱਤਰ ਜੋਤੀ ਜਿੱਥੇ ਸੋਹਣਾ ਤੇ ਸਜਿਆ-ਫ਼ਬਿਆ ਦਿਖਾਈ ਦਿੰਦਾ ਸੀ, ਇਮਤਿਹਾਨ ਵਿੱਚ ਵੀ ਸਾਰੇ ਜਮਾਤੀਆਂ ਤੋਂ ਹਰ ਗੱਲ ਵਿੱਚ ਅੱਗੇ ਸੀ; ਇਸ ਕਰਕੇ ਸਕੂਲ ਦੀ ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਅਜਿਹੇ ਕਾਬਿਲ ਤੇ ਲਾਇਕ ਪੁੱਤਰ ਦਾ ਪਿਓ ਹੋਣ ਉੱਤੇ ਵਧਾਈ ਦਿੱਤੀ।

**4. "ਇਹ ਮੇਰਾ ਲਾਲ ਜਾਏਗਾ, ਐਡੇ ਵੱਡੇ ਮੰਤਰੀ ਕੋਲ, ਮੈਂ ਸਦਕੇ ਜਾਵਾਂ।" ਜੋਤੀ ਦੀ ਮਾਂ ਦੇ ਇਨ੍ਹਾਂ ਸ਼ਬਦਾਂ ਤੋਂ ਕੀ ਭਾਵ ਹੈ ?**

ਜੋਤੀ ਦੀ ਮਾਂ ਦੇ ਇਨ੍ਹਾਂ ਸ਼ਬਦਾਂ ਦਾ ਭਾਵ ਸੀ ਕਿ ਉਹ ਬਹੁਤ ਖ਼ੁਸ਼ ਹੈ ਕਿ ਉਸ ਦਾ ਪੁੱਤਰ ਬੜਾ ਹੋਣਹਾਰ ਹੈ, ਜੋ ਕਿ ਐਡੇ ਵੱਡੇ ਮੰਤਰੀ ਦੇ ਗਲ ਵਿੱਚ ਹਾਰ ਪਾਵੇਗਾ। ਉਹ ਇਸ ਗੱਲ ਲਈ ਆਪਣੇ ਪੁੱਤਰ ਤੋਂ ਕੁਰਬਾਨ ਜਾਂਦੀ ਹੈ ਤੇ ਉਸ ਉੱਤੇ ਮਾਣ ਕਰਦੀ ਹੈ।

5. ਜੁਗਲ ਪ੍ਰਸ਼ਾਦ ਦੀ ਸੋਚ ਅਨੁਸਾਰ ਘੱਟ ਆਮਦਨ ਹੁੰਦਿਆਂ ਉਸ ਦੀ ਪਤਨੀ ਘਰ ਦਾ ਗੁਜ਼ਾਰਾ ਕਿਵੇਂ ਤੋਰਦੀ ਸੀ ? ਜੁਗਲ ਪ੍ਰਸ਼ਾਦ ਦੀ ਸੋਚ ਅਨੁਸਾਰ ਘੱਟ ਆਮਦਨ ਹੁੰਦਿਆਂ ਵੀ ਉਸ ਦੀ ਪਤਨੀ ਡੇਢ ਸੌ ਰੁਪਏ ਵਿੱਚ ਪੰਜ ਬੱਚਿਆਂ ਨੂੰ ਪਾਲ ਰਹੀ ਸੀ। ਇਹ ਉਸ ਨੂੰ ਬੱਚਿਆਂ ਦੀਆਂ ਬੁਘਨੀਆਂ ਵਿੱਚੋਂ ਪੈਸੇ ਇਕੱਠੇ ਕਰਦੀ ਦੇਖ ਕੇ ਸੋਚਦਾ ਹੈ ਕਿ ਕਿਸ ਤਰ੍ਹਾਂ ਉਹ ਯਤਨ ਕਰ ਰਹੀ ਸੀ ਕਿ ਉਸ ਦਾ ਬੱਚਾ ਸਕੂਲ ਵਾਲਿਆਂ ਦੀ ਇੱਛਾ ਅਨੁਸਾਰ ਐਤਵਾਰ ਨੂੰ ਹੋਣ ਵਾਲੇ ਸਮਾਗਮ ਵਿੱਚ ਸ਼ਾਮਿਲ ਹੋ ਸਕੇ।

6. ਤਿਰਕਾਲਾਂ ਨੂੰ ਸਾਰਾ ਟੱਬਰ ਕਿਸ ਗੱਲ ਦਾ ਇੰਤਜ਼ਾਰ ਕਰ ਰਿਹਾ ਸੀ ?

ਤਿਰਕਾਲਾਂ ਨੂੰ ਸਾਰਾ ਟੱਬਰ ਸਮਾਗਮ ਵਿੱਚ ਗਏ ਜੋਤੀ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਕਿ ਉਹ ਉਸ ਤੋਂ ਰੌਣਕ ਮੇਲੇ ਵਿੱਚ ਪ੍ਰਾਪਤ ਹੋਏ ਮਾਣ ਬਾਰੇ ਵਿਸਥਾਰ ਨਾਲ ਸੁਣ ਸਕਣ।

7. ਡਸਕੋਰੇ ਭਰ ਰਹੇ ਜੋਤੀ ਬਾਰੇ ਸਕੂਲ ਦੀ ਪ੍ਰਿੰਸੀਪਲ ਜੁਗਲ ਪ੍ਰਸ਼ਾਦ ਨੂੰ ਕੀ ਕਹਿੰਦੀ ਹੈ ?

ਡਸਕੋਰੇ ਭਰ ਰਹੇ ਜੋਤੀ ਬਾਰੇ ਸਕੂਲ ਦੀ ਪ੍ਰਿੰਸੀਪਲ ਜੁਗਲ ਪ੍ਰਸਾਦ ਨੂੰ ਦੱਸਦੀ ਹੈ ਕਿ ਉਸ ਦੇ ਪੁੱਤਰ ਨੂੰ ਮੰਤਰੀ ਜੀ ਨੂੰ ਹਾਰ ਪਾਉਣ ਦਾ ਮਾਣ ਨਹੀਂ ਮਿਲ ਸਕਿਆ, ਕਿਉਂਕਿ ਸੇਠ ਲੱਖਪਤ ਰਾਏ ਨੇ ਉਨ੍ਹਾਂ ਦੇ ਚੇਅਰਮੈਨ ਉੱਤੇ ਜ਼ੋਰ ਪਾ ਕੇ ਜੋਤੀ ਦੀ ਥਾਂ ਆਪਣੇ ਪੁੱਤਰ ਦਾ ਨਾਮ ਬਦਲਵਾ ਦਿੱਤਾ ਸੀ।

8. "ਅੱਜ ਉਸ ਮੰਤਰੀ ਦਾ ਜਨਮ ਦਿਨ ਨਹੀਂ ਮੇਰਾ ਜਨਮ ਦਿਨ ਏ।" ਜੁਗਲ ਪ੍ਰਸ਼ਾਦ ਨੇ ਇਹ ਗੱਲ ਕਿਸ ਸੰਦਰਭ ਵਿੱਚ ਕਹੀ ?

ਜੁਗਲ ਪ੍ਰਸ਼ਾਦ ਨੂੰ ਸਕੂਲ ਦੀ ਪ੍ਰਿੰਸੀਪਲ ਤੋਂ ਪਤਾ ਲੱਗਾ ਕਿ ਉਸ ਦੇ ਪੁੱਤਰ ਜੋਤੀ ਨੂੰ ਮੰਤਰੀ ਜੀ ਨੂੰ ਹਾਰ ਪਾਉਣ ਦਾ ਮਾਣ ਇਸ ਕਰਕੇ ਪ੍ਰਾਪਤ ਨਹੀਂ ਹੋਇਆ ਕਿਉਂਕਿ ਸੇਠ ਲੱਖਪਤ ਰਾਏ ਨੇ ਉਨ੍ਹਾਂ ਦੇ ਚੇਅਰਮੈਨ ਤੇ ਜ਼ੋਰ ਪਾ ਕੇ ਜੋਤੀ ਦੀ ਥਾਂ ਆਪਣੇ ਪੁੱਤਰ ਦਾ ਨਾਂ ਬਦਲਵਾ ਲਿਆ ਸੀ। ਇਸ ਸੰਦਰਭ ਵਿੱਚ ਤੈਸ਼ ਵਿੱਚ ਆਏ ਜੁਗਲ ਪ੍ਰਸ਼ਾਦ ਨੇ ਇਹ ਸ਼ਬਦ ਕਹੇ। ਉਸ ਨੂੰ ਅਨੁਭਵ ਹੁੰਦਾ ਹੈ ਕਿ ਅੱਜ ਮੰਤਰੀ ਦਾ ਜਨਮ ਦਿਨ ਨਹੀਂ, ਸਗੋਂ ਉਸ ਦੇ ਅੰਦਰ ਉਸ ਦਲੇਰੀ ਤੇ ਜ਼ੁਅਰਤ ਦਾ ਜਨਮ ਦਿਨ ਹੈ, ਜਿਹੜੇ ਅਮੀਰਾਂ ਨੂੰ ਗ਼ਰੀਬਾਂ ਦੀਆਂ ਸੱਧਰਾਂ ਤੇ ਉਮੰਗਾਂ ਲਿਤਾੜਨ ਨਹੀਂ ਦੇਵੇਗੀ।

## ਵਸਤੂਨਿਸ਼ਠ ਉੱਤਰ ਵਾਲੇ ਪ੍ਰਸ਼ਨ

1 ਜਨਮ ਦਿਨ ਕਹਾਣੀ ਦਾ ਲੇਖਕ ਕੌਣ ਹੈ ?

ਸਵਿੰਦਰ ਸਿੰਘ ਉੱਪਲ

2. ਜੁਗਲ ਪ੍ਰਸ਼ਾਦ ਦੀ ਤਨਖਾਹ ਕਿੰਨੀ ਰੁਪਏ ਵਧੀ ਸੀ ?

ਪੰਜ ਰੁਪਏ

3. ਜੁਗਲ ਪ੍ਰਸਾਦ ਦੀ ਪਤਨੀ ਦਾ ਨਾਂ ਕੀ ਸੀ ?

ਦੇਵਕੀ

4. ਜੋਤੀ ਕਿਹੜੀ ਜਮਾਤ ਵਿੱਚ ਪੜ੍ਹਦਾ ਸੀ ?

ਕੇ. ਜੀ. ਵਿੱਚ

5. ਜੁਗਲ ਪ੍ਰਸ਼ਾਦ ਤੇ ਦੇਵਕੀ ਦੇ ਕਿੰਨੇ ਬੱਚੇ ਸਨ ?

ਪੰਜ

6. ਕਿਸ ਨੇ ਮੰਤਰੀ ਦੇ ਹਾਰ ਪਾਉਣ ਲਈ ਜੋਤੀ ਦੀ ਥਾਂ ਆਪਣੇ ਪੁੱਤਰ ਦਾ ਨਾਂ ਬਦਲਵਾ ਦਿੱਤਾ ਸੀ ?

ਸੇਠ ਲੱਖਪਤ ਰਾਏ ਨੇ